## ਸੈਕਸ਼ਨ—ਡੀ

7. 'ਖੁਸ਼ਾਮਦੀ ਨਾਲ' ਨਿਬੰਧ ਵਿੱਚ ਆਏ ਵਿਚਾਰਾਂ ਨੂੰ ਆਪਣੇ ਸ਼ਬਦਾਂ ਵਿੱਚ ਲਿਖੋ।

8. 'ਆਓ, ਗੱਲਾਂ ਕਰੀਏ' ਨਿਬੰਧ ਵਿੱਚ ਲੇਖਕ ਨੇ ਕਿਹੜੇ ਵਿਸ਼ਿਆਂ ਨੂੰ ਛੂਹਿਆ ਹੈ ? ਸਪੱਸ਼ਟ ਕਰੋ।



**Exam. Code : 108503**
**Subject Code : 2005**

**B.Com. 3rd Semester (Batch 2020-23)**

**MUDHLI PUNJABI (In Lieu of Compulsory Punjabi)**

**Paper : BCG-302 (ii)**

Time Allowed—3 Hours] [Maximum Marks—50

**ਨੋਟ :—** ਹਰੇਕ ਸੈਕਸ਼ਨ ਵਿੱਚੋਂ ਘੱਟੋ-ਘੱਟ **ਇੱਕ** ਪ੍ਰਸ਼ਨ ਦੀ ਚੋਣ ਕਰਦੇ ਹੋਏ, ਕੁੱਲ **ਪੰਜ** ਪ੍ਰਸ਼ਨ ਕਰੋ। **ਪੰਜਵਾਂ** ਪ੍ਰਸ਼ਨ ਕਿਸੇ ਵੀ ਸੈਕਸ਼ਨ ਵਿੱਚੋਂ ਕੀਤਾ ਜਾ ਸਕਦਾ ਹੈ। ਸਾਰੇ ਪ੍ਰਸ਼ਨਾਂ ਦੇ ਅੰਕ ਬਰਾਬਰ ਹਨ।

## ਸੈਕਸ਼ਨ—ਏ

1. ਜ਼ਿੰਦਗੀ ਦਾ ਕੋਈ ਹੋਰ ਹੁਨਰ ਸਾਹਿਤ ਵਰਗੀ ਅਕਲ ਤੇ ਦੂਰ-ਦ੍ਰਿਸ਼ਟੀ ਦਾ ਮਾਲਕ ਨਹੀਂ। ਸਾਹਿਤਕ ਕੀਮਤਾਂ ਜੇਡੀਆਂ ਚਿਰੰਜੀਵ ਕੀਮਤਾਂ ਵੀ ਹੋਰ ਕੋਈ ਨਹੀਂ। ਸਾਹਿਤਕਾਰ ਨੇ ਹਰ ਸਮੇਂ ਜਿਸ ਸਿਖਰ ਨੂੰ ਵੀ ਛੂਹਿਆ, ਉਹ ਸਿਖਰ ਅਜੇ ਵੀ ਅਛੂਹ ਦਿਸਦੀ ਹੈ। ਕਾਲੀਦਾਸ, ਸ਼ੈਕਸਪੀਅਰ, ਗੈਟੇ, ਵਿਟਮੈਨ, ਗੋਰਕੀ ਤੇ ਟੈਗੋਰ ਹਰ ਯੁੱਗ ਵਿੱਚ ਮਨੁੱਖੀ ਦਿਲ ਤੇ ਹੁਨਰ ਦੇ ਸਵਾਮੀ ਹੀ ਮੰਨੇ ਜਾਣਗੇ। ਕਾਰਨ ਇਹਦਾ ਇਹ ਹੈ ਕਿ ਸਾਹਿਤਕਾਰ ਮਨੁੱਖਤਾ ਦੀਆਂ ਅਮਰ ਕੀਮਤਾਂ ਦਾ ਪਾਰਖੂ ਤੇ ਸ਼ਬਦਾਂ ਦਾ ਜਾਦੂਗਰ ਹੁੰਦਾ ਹੈ। ਅਮਰ ਕੀਮਤਾਂ ਬਦਲਦੀਆਂ ਨਹੀਂ ਤੇ ਸ਼ਬਦ-ਚਿੱਤਰ ਲਾਸਾਨੀ ਹੁੰਦੇ ਹਨ। ਮਨੁੱਖੀ ਮਨ ਦੀ ਮਹਾਨਤਾ

ਸਦਾ ਨਵੇਂ ਰਹਿਣ ਦੀ ਉੱਛਲਦੀ ਸਿੱਕ, ਪੁਰਾਤਨਤਾ ਨਾਲ ਅਮੁੱਕ ਸੰਗਰਾਮ, ਅਗਾਂਹ ਵਧਣ ਦੀ ਲਾਲਸਾ ਰੁਕਾਵਟਾਂ ਨਾਲ ਅੜ ਖਲੋਣਾ, ਦਿਲ ਜਿੱਤਣ ਦੀ ਤਮੰਨਾ, ਖ਼ੂਬਸੂਰਤੀ ਨਾਲ ਇਸ਼ਕ, ਪੂਰਨ ਹੋਣ ਤੇ ਫਤਿਹ ਪਾਣ ਤੱਕ ਅਖੀਰ ਦਮ ਤੱਕ ਭਰੋਸਾ, ਬੇ-ਬਦਲ ਰਹੀਆਂ ਅਤੇ ਬੇ-ਬਦਲ ਰਹਿਣਗੀਆਂ ਇਹ ਮਨੁੱਖੀ ਕੀਮਤਾਂ ਤੇ ਅਮਰ ਰਹੇਗਾ ਇਹਨਾਂ ਦਾ ਵਰਣਜਾਰਾ ਸਾਹਿਤ।

ਉਪਰੋਕਤ ਪੈਰ੍ਹੇ ਨੂੰ ਧਿਆਨ ਨਾਲ ਪੜ੍ਹ ਕੇ ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਲਿਖੋ :

(ੳ) ਉਪਰੋਕਤ ਪੈਰ੍ਹੇ ਦਾ ਢੁੱਕਵਾਂ ਸਿਰਲੇਖ ਦਿਓ।

(ਅ) ਸੱਚਾ ਅਤੇ ਸੁੱਚਾ ਸਾਹਿਤ ਕਾਹਦਾ ਗਾਹਕ ਹੈ ?

(ੲ) ਕੋਈ ਵੀ ਹੋਰ ਹੁਨਰ ਸਾਹਿਤ ਦਾ ਟਾਕਰਾ ਕਿਉਂ ਨਹੀਂ ਕਰ ਸਕਦਾ ?

(ਸ) ਸਾਹਿਤਕ ਕੀਮਤਾਂ ਦੀ ਕੀ ਵਿਸ਼ੇਸ਼ਤਾ ਹੈ ?

(ਹ) ਲਕੀਰੇ ਸ਼ਬਦਾਂ ਦੇ ਭਾਵ ਲਿਖੋ।

2. ਪੰਜਾਬੀ ਵਿੱਚ ਅਨੁਵਾਦ ਕਰੋ :

Nobody will like you unless you work hard. Your parents will be angry with you. You will never feel happy. You will neither earn any money nor live comfortably. Nobody will like to help you. Every one will say, "why should i help him ? When he doesn't help himself. He is interested in playing and waisting his time in movies and doesn't want to work. So he doesn't deserve any help. He should suffer for his fault". You will repeat in the end. But it will be of no use.



## ਸੈਕਸ਼ਨ—ਬੀ

3. ਹੇਠ ਲਿਖੇ ਕਾਵਿ-ਟੋਟੇ ਦੀ ਪ੍ਰਸੰਗ ਸਹਿਤ ਵਿਆਖਿਆ ਕਰੋ :

ਉਹ ਚੰਦ ਪਿਆਰਾ ਵੀ, ਆ ਬੈਠਾ ਸਾਹਵੇਂ ਨੀ,
ਅੰਬੀ ਦੀ ਛਾਵੇਂ ਨੀ,
ਉਹ ਮਿਰੀਆਂ ਪ੍ਰੀਤਾਂ ਦਾ, ਸੁਹਣਾ ਵਣਜਾਰਾ ਨੀ
ਕਿੱਸੇ ਪਰਦੇਸਾਂ ਦੇ, ਲਾਮਾਂ ਦੀਆਂ ਗੱਲਾਂ ਨੀ
ਘੁਮਕਾਰ ਜਹਾਜ਼ਾਂ ਦੀ, ਸਾਗਰ ਦੀਆਂ ਛੱਲਾਂ ਨੀ,
ਵੈਰੀ ਦੇ ਹੱਲੇ ਨੀ, ਸੁਹਣੇ ਦੀਆਂ ਠੱਲ੍ਹਾਂ ਨੀ।

4. 'ਬਿਰਹੋਂ ਦੀ ਰੜਕ ਕਵਿਤਾ ਕਿਸ ਦੀ ਰਚਨਾ ਹੈ ? ਕਵਿਤਾ ਦਾ ਸਾਰ ਆਪਣੇ ਸ਼ਬਦਾਂ ਵਿੱਚ ਲਿਖੋ।

## ਸੈਕਸ਼ਨ—ਸੀ

5. 'ਦੁੱਧ ਦਾ ਛੱਪੜ' ਕਹਾਣੀ ਦਾ ਵਿਸ਼ਾ-ਵਸਤੂ ਲਿਖੋ।

6. 'ਸਾਂਝੀ ਕੰਧ' ਕਹਾਣੀ ਦੇ ਲੇਖਕ ਦਾ ਨਾਂ ਲਿਖੋ ਅਤੇ ਕਹਾਣੀ ਦਾ ਸਾਰ ਵਿਸਥਾਰਪੂਰਵਕ ਪੇਸ਼ ਕਰੋ।